ਸੁਆਗਤ ਹੈ ਨਿਊ ਜ਼ੀਲੈਂਡ ’ਚ

ਅਹਿਮ ਜਾਣਕਾਰੀ ਨਿਊ ਜ਼ੀਲੈਂਡ ਸਰਕਾਰ ਦੀ ਭਾਰਤ ਤੋਂ ਆਉਣ ਵਾਲਿਆਂ ਲਈ



New Zealand Government

ਸਤੰਬਰ 2019

ਸਥਿਤੀਆਂ ਸਮਝੋ ਆਪਣੇ ਵੀਜ਼ਾ ਦੀਆਂ

ਇਮੀਗ੍ਰੇਸ਼ਨ ਨਿਊ ਜ਼ੀਲੈਂਡ ਤੁਹਾਡੀ ਵੀਜ਼ਾ ਅਰਜ਼ੀ ਤੇ ਫੈਸਲੇ ਬਾਰੇ ਤੁਹਾਡੇ ਨਾਲ ਸੰਪਰਕ ਕਰੇਗਾ।

ਤੁਹਾਨੂੰ ਜ਼ਰੂਰ ਹੀ ਆਪਣੇ ਵੀਜ਼ਾ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ। ਤੁਹਾਡੀਆਂ ਵੀਜ਼ਾ ਸ਼ਰਤਾਂ ਤੁਹਾਡੇ ਵੀਜ਼ਾ ਪ੍ਰਵਾਨਗੀ–ਪੱਤਰ ਵਿੱਚ ਦਰਜ ਹਨ।

ਤੁਹਾਡੇ ਵੀਜ਼ਾ ਦੀ ਮਿਆਦ ਪੁੱਗਣ ਤੋਂ ਪਹਿਲਾਂ ਤੁਹਾਨੂੰ ਜ਼ਰੂਰ ਹੀ ਨਿਊ ਜ਼ੀਲੈਂਡ ਛੱਡ ਕੇ ਜਾਣਾ ਹੋਵੇਗਾ। ਜੇ ਤੁਹਾਡੀ ਇੱਛਾ ਨਿਊ ਜ਼ੀਲੈਂਡ 'ਚ ਲੰਮਾ ਸਮਾਂ ਰਹਿਣ ਦੀ ਹੈ, ਤਾਂ ਤੁਹਾਨੂੰ ਜ਼ਰੂਰ ਹੀ ਆਪਣੇ ਮੌਜੂਦਾ ਵੀਜ਼ਾ ਦੀ ਮਿਆਦ ਪੁੱਗਣ ਤੋਂ ਪਹਿਲਾਂ ਇੱਕ ਹੋਰ ਵੀਜ਼ਾ ਲਈ ਅਰਜ਼ੀ ਦੇਣੀ ਹੋਵੇਗੀ।

ਤੁਸੀਂ ਵਿਜ਼ਿਟਰ ਵੀਜ਼ਾ 'ਤੇ ਕੰਮ ਨਹੀਂ ਕਰ ਸਕਦੇ। ਇਸ ਵਿੱਚ ਤਨਖ਼ਾਹ 'ਤੇ ਕੰਮ ਜਾਂ ਗ਼ੈਰ–ਵਿੱਤੀ ਫ਼ਾਇਦਿਆਂ ਦੇ ਬਦਲੇ ਕੰਮ ਕਰਨਾ ਜਿਵੇਂ ਘੱਟ ਦਰਾਂ ਉੱਤੇ ਰਹਿਣ ਦੀ ਥਾਂ, ਭੋਜਨ ਜਾਂ ਟਰਾਂਸਪੋਰਟ।

ਤੁਹਾਡੀ ਫੇਰੀ ਲਈ ਤੁਹਾਡੇ ਕੋਲ ਜ਼ਰੂਰ ਹੀ ਵਾਜਬ ਯਾਤਰਾ/ਮੈਡੀਕਲ ਬੀਮਾ ਵੀ ਹੋਣਾ ਚਾਹੀਦਾ ਹੈ।

ਸ਼ਰਤ	ਇਸ ਦਾ ਕੀ ਅਰਥ ਹੈ
ਵੀਜ਼ਾ ਦੀ ਮਿਆਦ ਪੁੱਗਣਾ	ਆਖ਼ਰੀ ਦਿਨ ਜਦੋਂ ਤੱਕ ਤੁਸੀਂ ਨਿਊ ਜ਼ੀਲੈਂਡ 'ਚ ਰਹਿ ਸਕਦੇ ਹੋ।
ਯਾਤਰਾ ਦੀ ਮਿਆਦ ਪੁੱਗਣ ਦੀ ਮਿਤੀ	ਆਖ਼ਰੀ ਦਿਨ ਜਦੋਂ ਤੁਸੀਂ ਨਿਊ ਜ਼ੀਲੈਂਡ 'ਚ ਦਾਖ਼ਲ ਹੋ ਸਕਦੇ ਹੋ।
ਐਂਟਰੀਜ਼ ਦੀ ਗਿਣਤੀ	ਜੇ ਤੁਹਾਡੇ ਵੀਜ਼ਾ ਵਿੱਚ **ਕਈ** ਐਂਟਰੀਜ਼ ਹਨ, ਤਾਂ ਤੁਸੀਂ ਆਪਣੀ ਮਰਜ਼ੀ ਮੁਤਾਬਕ ਜਿੰਨੀ ਵਾਰ ਮਰਜ਼ੀ ਮੁੜ ਨਿਊ ਜ਼ੀਲੈਂਡ 'ਚ ਦਾਖ਼ਲ ਹੋ ਸਕਦੇ ਹੋ ਪਰ ਇਸ ਤੋਂ ਪਹਿਲਾਂ **ਮਿਆਦ ਪੁੱਗਣ ਦੀ ਮਿਤੀ ਯਾਤਰਾ**।
ਵੀਜ਼ਾ ਸ਼ਰਤਾਂ	ਤੁਹਾਨੂੰ ਜ਼ਰੂਰ ਹੀ ਇਨ੍ਹਾਂ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ। ਨਿਊ ਜ਼ੀਲੈਂਡ ਛੱਡ ਕੇ ਜਾਣ ਲੱਗੇ ਯਾਤਰਾ ਸਮੇਂ ਤੁਹਾਡੇ ਕੋਲ ਜ਼ਰੂਰ ਹੀ ਇੱਕ ਟਿਕਟ ਹੋਣੀ ਚਾਹੀਦੀ ਹੈ, ਜਦੋਂ ਤੱਕ ਕਿ ਤੁਹਾਡੇ ਵੀਜ਼ਾ ਵਿੱਚ ਇਹ ਨਾ ਲਿਖਿਆ ਹੋਵੇ ਕਿ ਵਾਪਸੀ/ਅਗਲੇਰੀ ਯਾਤਰਾ ਲਈ ਲੋੜੀਂਦਾ ਨਹੀਂ ਹੈ। ਜੇ ਤੁਹਾਡਾ ਵੀਜ਼ਾ ਤੁਹਾਨੂੰ ਨਿਊ ਜ਼ੀਲੈਂਡ 'ਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ, ਤਾਂ ਤੁਹਾਨੂੰ ਜ਼ਰੂਰ ਹੀ ਸਿਰਫ਼ ਨਿਸ਼ਚਤ ਸ਼ਰਤਾਂ ਅਧੀਨ ਹੀ ਕੰਮ ਕਰਨਾ ਹੋਵੇਗਾ।

ਆਪਣੀਆਂ ਵੀਜ਼ਾ ਸ਼ਰਤਾਂ ਚੈੱਕ ਕਰਨ ਹਿਤ ਹੋਰ ਜਾਣਕਾਰੀ ਲਈ, ਚੈੱਕ ਯੂਅਰ ਵੀਜ਼ਾ ਕੰਡੀਸ਼ਨਜ਼ ਪੇਜ ਚੈੱਕ ਕਰੋ ਇਮੀਗ੍ਰੇਸ਼ਨ ਨਿਊ ਜ਼ੀਲੈਂਡ ਦੀ ਇਸ ਵੈੱਬਸਾਈਟ 'ਤੇ : **www.immigration.govt.nz**

ਕ੍ਰਿਪਾ ਕਰ ਕੇ ਨਿਊ ਜ਼ੀਲੈਂਡ ਸਰਕਾਰ ਦੀ ਨਿਮਨਲਿਖਤ ਅਹਿਮ ਜਾਣਕਾਰੀ ਨਾਲ ਵੀ ਤੁਸੀਂ ਖ਼ੁਦ ਨੂੰ ਜਾਣੂ ਕਰਵਾਓ।

ਮਹੱਤਵਪੂਰਨ ਬਾਇਓਸਕਿਓਰਿਟੀ (ਕੁਆਰਨਟਾਈਨ) ਸੂਚਨਾ

ਨਿਊ ਜ਼ੀਲੈਂਡ ਦੀ ਯਾਤਰਾ ਕਰਦੇ ਸਮੇਂ ਕੁਝ ਅਜਿਹੀਆਂ ਵਸਤਾਂ ਹਨ, ਜੋ ਯਕੀਨੀ ਤੌਰ 'ਤੇ ਤੁਸੀਂ ਆਪਣੇ ਨਾਲ ਨਹੀਂ ਲਿਆ ਸਕਦੇ। ਇਹ ਉਨ੍ਹਾਂ ਸੰਭਾਵੀ ਕੀਟਾਂ ਤੇ ਰੋਗਾਂ ਤੋਂ ਸਾਡੇ ਵਾਤਾਵਰਨ ਦੀ ਸੁਰੱਖਿਆ 'ਚ ਮਦਦ ਲਈ ਹੈ, ਜਿਹੜੇ ਨਿਊ ਜ਼ੀਲੈਂਡ 'ਚ ਨਹੀਂ ਹਨ।



ਜਿਹੜੀਆਂ ਵਸਤਾਂ ਦੀ ਇਜਾਜ਼ਤ ਨਹੀਂ ਹੈ, ਉਨ੍ਹਾਂ ਵਿੱਚ ਇਹ ਸ਼ਾਮਲ ਹਨ:

- ਤਾਜ਼ਾ ਫਲ ਤੇ ਸਬਜ਼ੀਆਂ
- ਫੁੱਲ ਤੇ ਬੀਜ (ਪ੍ਰਸਾਦ ਦੀਆਂ ਵਸਤਾਂ ਸਮੇਤ).
- ਤਾਜ਼ਾ ਮਾਸ ਜਾਂ ਮੱਛੀ।
- ਅਨਾਜ ਤੇ ਦਾਲਾਂ (ਜਿਵੇਂ ਦਾਲਾਂ, ਮਟਰ, ਪਿਜਨ ਪੀਜ਼ ਤੇ ਕਾਲੇ ਛੋਲੇ)
- ਸ਼ਹਿਦ ਤੇ ਉਸ ਦੀ ਮੱਖੀ ਦੇ ਉਤਪਾਦ (ਸ਼ਹਿਦ ਵਾਲੇ ਟਾਨਿਕਸ ਸਮੇਤ ਜਿਵੇਂ ਕਿ ਚਯਵਨਪ੍ਰਾਸ਼)
- ਟੌਨਿਕਸ (ਚਯਵਨਪ੍ਰਾਸ਼ ਸਮੇਤ)






ਜੇ ਤੁਸੀਂ ਕੋਈ ਪਾਬੰਦੀਸ਼ੁਦਾ ਵਸਤੂ ਨਿਊ ਜ਼ੀਲੈਂਡ ਲਿਆਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਉਸ ਬਾਰੇ ਜ਼ਰੂਰ ਹੀ ਆਪਣੇ 'ਯਾਤਰੀ ਆਮਦ ਕਾਰਡ' (ਪੈਸੇਂਜਰ ਅਰਾਈਵਲ ਕਾਰਡ) ਵਿੱਚ ਐਲਾਨ ਕਰਨਾ ਹੋਵੇਗਾ। ਜਾਂ ਤੁਸੀਂ ਉਨ੍ਹਾਂ ਨੂੰ ਆਪਣੀ ਆਮਦ 'ਤੇ ਬਾਇਓਸਕਿਓਰਿਟੀ ਬਿਨ ਵਿੱਚ ਸੁੱਟ ਸਕਦੇ ਹੋ।



ਤੁਸੀਂ ਫਿਰ ਵੀ ਆਪਣੇ ਨਾਲ ਮਿਠਾਈਆਂ ਤੇ ਵੇਫ਼ਰਜ਼ ਤੇ ਖਾਣਾ ਪਕਾਉਣ ਵਾਲੀਆਂ ਕੁਝ ਵਸਤਾਂ ਲਿਆ ਸਕਦੇ ਹੋ। ਜੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਕਿ ਤੁਹਾਨੂੰ ਕੋਈ ਵਸਤੂ ਨਿਊ ਜ਼ੀਲੈਂਡ 'ਚ ਲਿਆਉਣ ਦੀ ਇਜਾਜ਼ਤ ਹੈ ਜਾਂ ਨਹੀਂ, ਤਾਂ ਉਸ ਬਾਰੇ ਲੈਂਡ ਕਰਦੇ ਸਮੇਂ 'ਯਾਤਰੀ ਆਮਦ ਕਾਰਡ' ਉੱਤੇ ਐਲਾਨ ਕਰੋ।



ਸਾਡੇ ਕੁਆਰਨਟਾਈਨ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਨਿਰੀਖਣ ਕਰਨ ਦੀ ਲੋੜ ਪੈ ਸਕਦੀ ਹੈ ਕਿ ਕੀ ਉਹ ਵਸਤਾਂ ਦੇਸ਼ ਵਿੱਚ ਦਾਖ਼ਲ ਹੋਣ ਲਈ ਸੁਰਖਿਅਤ ਹਨ ਜੇ ਤੁਸੀਂ ਸਹੀ ਚੀਜ਼ ਕਰਦੇ ਹੋ ਤੇ ਐਲਾਨ ਕਰ ਦਿੰਦੇ ਹੋ, ਤਾਂ ਤੁਸੀਂ ਇਹ ਬਚਾਅ ਕਰ ਲਵੋਗੇ **$400 NZD** ਦੇ ਜੁਰਮਾਨੇ ਤੋਂ, ਭਾਵੇਂ ਵਸਤਾਂ ਦੀ ਇਜਾਜ਼ਤ ਹੈ ਜਾਂ ਨਹੀਂ।

ਹੋਰ ਵਧੇਰੇ ਜਾਣਕਾਰੀ ਲਈ ਇੱਥੇ ਜਾਓ **www.biosecurity.govt.nz/punjabi-declare**

ਅਹਿਮ ਕਸਟਮਜ਼ ਜਾਣਕਾਰੀ

ਤੁਹਾਨੂੰ ਜ਼ਰੂਰ ਇਸ 'ਤੇ ਸਹੀ ਦਾ ਨਿਸ਼ਾਨ ਲਾਉਣਾ ਹੋਵੇਗਾ "**ਹਾਂ**" ਆਪਣੇ ਯਾਤਰੀ ਆਮਦ ਕਾਰਡ 'ਤੇ ਜੇ ਤੁਸੀਂ ਨਿਊ ਜ਼ੀਲੈਂਡ 'ਚ ਲਿਆ ਰਹੇ ਹੋ:

- ਅਜਿਹੀਆਂ ਵਸਤਾਂ ਜਿਨ੍ਹਾਂ 'ਤੇ ਪਾਬੰਦੀ ਜਾਂ ਰੋਕ ਲੱਗੀ ਹੋ ਸਕਦੀ ਹੈ, ਜਿਵੇਂ ਕਿ ਹਥਿਆਰ, ਇਤਰਾਜ਼ਯੋਗ (ਕੁਵੱਲੀ) ਸਮੱਗਰੀ ਜਾਂ ਗ਼ੈਰ–ਕਾਨੂੰਨੀ ਡ੍ਰੱਗਜ਼
- **$700 NZD** ਦੀ ਨਿਜੀ ਛੋਟ ਤੋਂ ਵੱਧ ਦੀਆਂ ਵਸਤਾਂ, ਅਤੇ ਤਮਾਕੂ ਤੇ ਅਲਕੋਹਲ ਡਿਊਟੀ–ਮੁਕਤ ਭੱਤਾ
- ਵਣਜ, ਵਪਾਰਕ ਜਾਂ ਕਾਰੋਬਾਰੀ ਉਦੇਸ਼ਾਂ ਲਈ ਵਸਤਾਂ
- ਉਹ ਵਸਤਾਂ, ਜੋ ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਚੁੱਕੀਆਂ ਸਨ
- **$10,000 NZD** ਜਾਂ ਵੱਧ ਜਾਂ ਇਸ ਦੇ ਸਮਾਨ ਵਿਦੇਸ਼ੀ ਮੁਦਰਾ

ਚੇਤਾਵਨੀ:ਇੱਕ ਗ਼ਲਤ ਐਲਾਨਨਾਮੇ ਨਾਲ ਇਹ ਹੋ ਸਕਦਾ ਹੈ **$400 NZD** ਜੁਰਮਾਨਾ।

ਤੁਹਾਨੂੰ ਆਪਣੇ ਕੱਪੜਿਆਂ, ਜੁੱਤੀਆਂ ਤੇ ਨਹਾਉਣ–ਧੋਣ ਦੇ ਸਾਮਾਨ ਬਾਰੇ ਐਲਾਨ ਕਰਨ ਦੀ ਲੋੜ ਨਹੀਂ ਹੈ – ਇਨ੍ਹਾਂ ਨੂੰ "ਨਿਜੀ ਪ੍ਰਭਾਵ" ਮੰਨਿਆ ਜਾਂਦਾ ਹੈ ਜੇ ਉਹ ਤੁਹਾਡੀ ਆਪਣੀ ਵਰਤੋਂ ਲਈ ਹਨ।

ਦਵਾਈ ਲਿਆਉਣ ਬਾਰੇ ਜਾਂ ਪਾਬੰਦੀਸ਼ੁਦਾ ਪਦਾਰਥ ਨਿਊ ਜ਼ੀਲੈਂਡ 'ਚ

ਕ੍ਰਿਪਾ ਕਰ ਕੇ ਇਹ ਚੇਤੇ ਰੱਖੋ ਕਿ ਤੁਸੀਂ ਨਿਊ ਜ਼ੀਲੈਂਡ 'ਚ ਕੋਈ ਅਜਿਹੀਆਂ ਦਵਾਈਆਂ ਨਹੀਂ ਲਿਆ ਸਕਦੇ ਜੋ ਕੰਟਰੋਲਡ ਡ੍ਰੱਗਜ਼ ਹੋਣ ਜਦੋਂ ਤੱਕ ਕਿ ਤੁਹਾਡੇ ਕੋਲ ਮੌਜੂਦ ਡ੍ਰੱਗਜ਼ ਤੁਹਾਡੀ ਨਿਜੀ ਵਰਤੋਂ ਲਈ ਨਾ ਹੋ ਤੇ ਉਹ ਇੱਕ ਮਹੀਨੇ ਦੀ ਵਰਤੋਂ ਲਈ ਕਾਫ਼ੀ ਹੋਣ। ਇਸ ਵਿੱਚ ਉਹ ਦਵਾਈ ਸ਼ਾਮਲ ਹੈ, ਜਿਸ 'ਚ ਸੂਡੋਐਫ਼ੇਡ੍ਰੀਨ ਮੌਜੂਦ ਹੁੰਦੀ ਹੈ।

ਕਿਸੇ ਵੀ ਤਰ੍ਹਾਂ ਦੀ ਉਲੰਘਣਾ ਲਈ ਪੁਲਿਸ ਦੀ ਚੇਤਾਵਨੀ ਮਿਲ ਸਕਦੀ ਹੈ, ਸਰਹੱਦ 'ਤੇ ਦਾਖ਼ਲ ਹੋਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਡ੍ਰੱਗਜ਼ ਕਾਨੂੰਨ ਦੀ ਦੁਰਵਰਤੋਂ ਅਧੀਨ ਪੁਲਿਸ ਵੱਲੋਂ ਦੋਸ਼ ਆਇਦ ਕੀਤੇ ਜਾ ਸਕਦੇ ਹਨ ਤੇ ਸੰਭਾਵੀ ਕੈਦ ਹੋ ਸਕਦੀ ਹੈ। ਕਾਊਂਟਰ 'ਤੇ ਮਿਲਣ ਵਾਲੀਆਂ ਉਨ੍ਹਾਂ ਦਵਾਈਆਂ ਦੀਆਂ ਉਦਾਹਰਣਾਂ ਜਿਨ੍ਹਾਂ ਵਿੱਚ ਸੂਡੋਐਫ਼ੇਡ੍ਰੀਨ ਹੁੰਦੀ ਹੈ ਤੇ ਇਨ੍ਹਾਂ ਵਿੱਚ ਠੰਢ ਤੇ ਜ਼ੁਕਾਮ ਲੱਗਣ ਵੇਲੇ ਲਈਆਂ ਜਾਣ ਵਾਲੀਆਂ ਦਵਾਈਆਂ ਹੁੰਦੀਆਂ ਹਨ ਜਿਵੇਂ ਕਿ ਕੌਂਟੈਕ ਐਂਨਟੀ, ਕਾਲੀ ਤੇ ਚਿੱਟੀ, ਬਫ਼ਰਿਨ ਅਤੇ ਐਮੇ ਫ਼ਲੂ।

ਨਿਊ ਜ਼ੀਲੈਂਡ 'ਚ ਅਜਿਹੀਆਂ ਦਵਾਈਆਂ ਦਰਾਮਦ ਕਰਨ 'ਤੇ ਬਹੁਤ ਸਖ਼ਤ ਪਾਬੰਦੀਆਂ ਹਨ ਜਿਨ੍ਹਾਂ ਵਿੱਚ ਸੂਡੋਐਫ਼ੇਡ੍ਰੀਨ ਹੁੰਦੀ ਹੈ। ਤੁਹਾਡੇ ਵੱਲੋਂ ਨਿਊ ਜ਼ੀਲੈਂਡ ਲਿਆਂਦੀ ਜਾਣ ਵਾਲੀ ਕਿਸੇ ਵੀ ਦਵਾਈ ਦੇ ਲੇਬਲਜ਼ ਚੈੱਕ ਕਰੋ।

ਕਿਸੇ ਅਣਜਾਣ ਵਿਅਕਤੀ ਦੀ ਖ਼ਾਤਰ ਕੋਈ ਵਸਤਾਂ ਜਾਂ ਪਾਰਸਲਜ਼ ਨਿਊ ਜ਼ੀਲੈਂਡ ਚੁੱਕ ਕੇ ਨਾ ਲਿਆਓ। ਜਿੱਥੇ ਕਿਤੇ ਵੀ ਇਨ੍ਹਾਂ ਵਸਤਾਂ ਵਿੱਚ ਪਾਬੰਦੀਸ਼ੁਦਾ ਪਦਾਰਥ ਜਾਂ ਗ਼ੈਰ–ਕਾਨੂੰਨੀ ਨਸ਼ੀਲੇ ਪਦਾਰਥ ਪਾਏ ਗਏ, ਤਾਂ ਨਿਊ ਜ਼ੀਲੈਂਡ ਦੇ ਕਾਨੂੰਨੀ ਅਧਿਕਾਰੀ ਅਪਰਾਧਕ ਜਾਂਚ ਕਰਨਗੇ ਤੇ ਤੁਹਾਡੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ ਤੇ ਤੁਹਾਨੂੰ ਕੈਦ ਹੋ ਸਕਦੀ ਹੈ ਨਿਊ ਜ਼ੀਲੈਂਡ ਵਿੱਚ।

ਕਿਸੇ ਅਣਜਾਣ ਵਿਅਕਤੀਆਂ ਦੀ ਖ਼ਾਤਰ ਡਾਕ ਜਾਂ ਕੁਰੀਅਰ ਡਾਕ ਸੇਵਾ ਰਾਹੀਂ ਨਿਊ ਜ਼ੀਲੈਂਡ ਵਿੱਚ ਪਾਰਸਲ ਹਾਸਲ ਕਰਨ ਲਈ ਸਹਿਮਤ ਨਾ ਹੋਵੇ। ਜਿੱਥੇ ਕਿਤੇ ਵੀ ਇਨ੍ਹਾਂ ਪਾਰਸਲਾਂ ਵਿੱਚ ਪਾਬੰਦੀਸ਼ੁਦਾ ਪਦਾਰਥ ਜਾਂ ਗ਼ੈਰ–ਕਾਨੂੰਨੀ ਨਸ਼ੀਲੇ ਪਦਾਰਥ ਪਾਏ ਗਏ, ਤਾਂ ਪੁਲਿਸ ਦੀ ਅਪਰਾਧਕ ਜਾਂਚ ਤੋਂ ਬਾਅਦ ਤੁਹਾਡੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ ਨਿਊ ਜ਼ੀਲੈਂਡ ਵਿੱਚ।

ਨਿਊ ਜ਼ੀਲੈਂਡ 'ਚ ਤੁਹਾਡਾ ਵੀਜ਼ਾ ਰੁਤਬਾ ਪ੍ਰਭਾਵਿਤ ਹੋ ਸਕਦਾ ਹੈ ਜੇ ਤੁਸੀਂ ਉਪਰੋਕਤ ਵਰਣਿਤ ਗ਼ੈਰ–ਕਾਨੂੰਨੀ ਗਤੀਵਿਧੀਆਂ ਵਿੱਚ ਜਾਣਬੁੱਝ ਕੇ ਸ਼ਾਮਲ ਹੁੰਦੇ ਹੋ। ਅੰਤ ਤੁਹਾਨੂੰ ਤੁਹਾਡੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ।

ਮਹੱਤਵਪੂਰਣ ਜਨ–ਸੁਰੱਖਿਆ ਜਾਣਕਾਰੀ

ਨਿਊ ਜ਼ੀਲੈਂਡ ਇੱਕ ਸੁਰੱਖਿਅਤ ਦੇਸ਼ ਹੈ ਅਤੇ ਅਸੀਂ ਇਸ ਨੂੰ ਸੁਰੱਖਿਅਤ ਤੇ ਮਨਮੋਹਕ ਰੱਖਣ ਵਿੱਚ ਤੁਹਾਡੀ ਮਦਦ ਚਾਹੁੰਦੇ ਹਾਂ

ਜੇ ਤੁਸੀਂ ਆਪਣੀ ਆਮਦ ਦੌਰਾਨ ਕਿਸੇ ਗੰਭੀਰ ਸਮੱਸਿਆ ਦਾ ਸਾਹਮਣਾ ਕਰਦੇ ਹੋ, ਤਾਂ ਅਗਨੀ ਸੇਵਾ, ਐਂਬੂਲੈਂਸ ਸੇਵਾ ਤੇ ਪੁਲਿਸ ਸੇਵਾ ਲਈ ਐਮਰਜੈਂਸੀ ਨੰਬਰ ਇਹ ਹੈ **111**। ਇਹ ਸਾਰੀਆਂ ਤਿੰਨੇ ਸੇਵਾਵਾਂ ਇਸ ਇੱਕੋ ਐਮਰਜੈਂਸੀ ਨੰਬਰ ਤੋਂ ਆਪਰੇਟ ਹੁੰਦੀਆਂ ਹਨ; ਕ੍ਰਿਪਾ ਕਰ ਕੇ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ "ਫ਼ਾਇਰ", "ਐਂਬੂਲੈਂਸ" ਜਾਂ "ਪੁਲਿਸ" ਦੀ ਜ਼ਰੂਰਤ ਹੈ।

ਗ਼ੈਰ–ਹੰਗਾਮੀ ਹਾਲਾਤ ਲਈ ਅਤੇ ਪਹਿਲਾਂ ਕੁਝ ਵਾਪਰੇ ਹੋਏ ਲਈ ਰਿਪੋਰਟ ਕਰਨ ਵਾਸਤੇ ਤੁਸੀਂ ਇਸ ਨੰਬਰ 'ਤੇ ਕਾੱਲ ਕਰ ਸਕਦੇ ਹੋ **105** ਮੋਬਾਇਲ ਤੇ ਲੈਂਡਲਾਈਨ ਫ਼ੋਨਜ਼ ਦੋਵਾਂ ਤੋਂ। ਨਿਊ ਜ਼ੀਲੈਂਡ ਦੇ ਨਿਵਾਸੀਆਂ ਤੇ ਵਿਦੇਸ਼ੀ ਮੁਲਾਕਾਤੀਆਂ ਲਈ ਇਹ ਮੁਫ਼ਤ ਦੇਸ਼–ਵਿਆਪੀ ਸੇਵਾ ਦਿਨ ਤੇ ਰਾਤ ਹਰ ਸਮੇਂ ਉਪਲਬਧ ਹੈ।

ਤੁਸੀਂ ਨਿਊ ਜ਼ੀਲੈਂਡ ਵਿੱਚ ਭਾਰਤ ਦੇ ਹਾਈ ਕਮਿਸ਼ਨ ਨੂੰ ਵੀ ਕਾੱਲ ਕਰ ਸਕਦੇ ਹੋ ਇਸ ਨੰਬਰ 'ਤੇ **021 539 817** ਸਹਾਇਤਾ ਲਈ।

ਆਪਣੇ–ਆਪ ਨੂੰ ਸੁਰੱਖਿਅਤ ਰੱਖਣ ਬਾਰੇ ਹੋਰ ਜਾਣਕਾਰੀ ਲਈ, ਇਹ ਵੇਖੋ
www.police.govt.nz/advice/personal-community

ਨਿਊ ਜ਼ੀਲੈਂਡ 'ਚ ਸੁਰੱਖਿਅਤ ਢੰਗ ਨਾਲ ਡ੍ਰਾਈਵ ਕਰਨਾ

ਨਿਊ ਜ਼ੀਲੈਂਡ ਦੇ ਡਰਾਈਵਿੰਗ ਨਿਯਮ ਤੇ ਸੜਕਾਂ ਦੀਆਂ ਸਥਿਤੀਆਂ ਭਾਰਤ ਨਾਲੋਂ ਪੂਰੀ ਤਰ੍ਹਾਂ ਵੱਖਰੀ ਕਿਸਮ ਦੀਆਂ ਹਨ।

ਜੇ ਤੁਸੀਂ ਨਿਊ ਜ਼ੀਲੈਂਡ 'ਚ ਵਾਹਨ ਚਲਾਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਤੁਹਾਡੇ ਕੋਲ ਜ਼ਰੂਰ ਹੀ ਇੱਕ ਮੌਜੂਦਾ ਤੇ ਵੈਧ ਓਵਰਸੀਜ਼ ਲਾਇਸੈਂਸ ਹੋਣਾ ਚਾਹੀਦਾ ਹੈ, ਜਿਹੜਾ ਅੰਗਰੇਜ਼ੀ ਵਿੱਚ ਹੋਵੇ ਜਾਂ ਉਸ ਲਾਇਸੈਂਸ ਦਾ ਸਹੀ ਅੰਗਰੇਜ਼ੀ ਅਨੁਵਾਦ ਨਾਲ ਮੌਜੂਦ ਹੋਵੇ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਆਮਦ ਤੋਂ ਪਹਿਲਾਂ ਡ੍ਰਾਈਵਿੰਗ ਦੇ ਇਨ੍ਹਾਂ ਨਿਯਮਾਂ ਅਤੇ ਸਥਿਤੀਆਂ ਤੋਂ ਚੰਗੀ ਤਰ੍ਹਾਂ ਵਾਕਫ਼ ਹੋ ਜਾਵੇ।

ਹੋਰ ਜਾਣਕਾਰੀ ਲੈਣ ਲਈ ਇੱਥੇ ਜਾਓ
www.nzta.govt.nz/resources/driving-in-nz/ ਜਾਂ
www.drivesafe.org.nz/home/

- ਜੇ ਤੁਸੀਂ ਸੜਕ ਦੇ ਨਿਯਮ ਤੋੜਦੇ ਹੋ ਜਾਂ ਕੋਈ ਹਾਦਸਾ ਕਰ ਦਿੰਦੇ ਹੋ, ਤਾਂ ਤੁਹਾਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਤੁਹਾਡੇ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।
- ਸੜਕ ਰਾਹੀਂ ਯਾਤਰਾ ਕਰਨ ਤੋਂ ਪਹਿਲਾਂ ਆਰਾਮ ਕਰ ਲਵੋ, ਖ਼ਾਸ ਤੌਰ 'ਤੇ ਨਿਊ ਜ਼ੀਲੈਂਡ ਆਉਣ ਲਈ ਲੰਮੀ ਉਡਾਣ ਤੋਂ ਬਾਅਦ।
- ਕੋਈ ਵਾਹਨ ਕਿਰਾਏ 'ਤੇ ਲੈਂਦੇ ਜਾਂ ਖ਼ਰੀਦਦੇ ਸਮੇਂ, ਹਮੇਸ਼ਾ ਸੁਰੱਖਿਅਤ ਵਾਹਨ ਚੁਣੋ, ਜਿਸ ਨੂੰ ਤੁਸੀਂ ਝੱਲ ਸਕੋ। ਨਿਊ ਜ਼ੀਲੈਂਡ ਵਿੱਚ ਕਿਰਾਏ 'ਤੇ ਮਿਲਣ ਵਾਲੀਆਂ ਕਾਰਾਂ ਵਧੇਰੇ ਰੈਸਪੌਂਸਿਵ ਤੇ ਉੱਚ–ਤਾਕਤ ਵਾਲੀਆਂ ਹੋ ਸਕਦੀਆਂ ਹਨ, ਜਿਨ੍ਹਾਂ ਨੂੰ ਚਲਾਉਣ ਦੀ ਸ਼ਾਇਦ ਤੁਹਾਨੂੰ ਆਦਤ ਨਾ ਹੋਵੇ।



- ਯਾਤਰਾ ਵਿੱਚ ਉਸ ਤੋਂ ਵੱਧ ਸਮਾਂ ਲੱਗੇਗਾ, ਜਿੰਨਾ ਤੁਸੀਂ ਸੋਚਦੇ ਹੋ। ਦੂਰੀਆਂ ਨਕਸ਼ੇ 'ਤੇ ਘੱਟ ਲੱਗ ਸਕਦੀਆਂ ਹਨ ਪਰ ਉਨ੍ਹਾਂ ਦੀ ਯਾਤਰਾ ਵਿੱਚ ਵੱਧ ਸਮਾਂ ਲੱਗ ਜਦਾ ਹੈ।
- **ਸਦਾ ਖੱਬੇ ਪਾਸੇ ਚੱਲੋ।** ਹਰ ਵਾਰ ਜਦੋਂ ਵੀ ਤੁਸੀਂ ਡ੍ਰਾਈਵ ਕਰੋ, ਤਾਂ ਖੱਬੇ ਪਾਸੇ ਹੀ ਚੱਲੋ।
- ਜੇ ਤੁਸੀਂ ਆਪਣੀ ਆਮਦ ਦੌਰਾਨ ਕਿਸੇ ਗੰਭੀਰ ਸਮੱਸਿਆ ਦਾ ਸਾਹਮਣਾ ਕਰਦੇ ਹੋ, ਤਾਂ ਅਗਨੀ ਸੇਵਾ, ਐਂਬੂਲੈਂਸ ਸੇਵਾ ਤੇ ਪੁਲਿਸ ਸੇਵਾ ਲਈ ਐਮਰਜੈਂਸੀ ਨੰਬਰ ਇਹ ਹੈ 111 । ਇਹ ਸਾਰੀਆਂ ਤਿੰਨੇ ਸੇਵਾਵਾਂ ਇਸ ਇੱਕੋ ਐਮਰਜੈਂਸੀ ਨੰਬਰ ਤੋਂ ਆਪਰੇਟ ਹੁੰਦੀਆਂ ਹਨ; ਕ੍ਰਿਪਾ ਕਰ ਕੇ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ "ਫ਼ਾਇਰ", "ਐਂਬੂਲੈਂਸ" ਜਾਂ "ਪੁਲਿਸ" ਦੀ ਜ਼ਰੂਰਤ ਹੈ।

- ਚੇਤੇ ਰੱਖੋ ਕਿ ਬਹੁਤੀਆਂ ਸੜਕਾਂ ਬਹੁਤ ਸਾਰੀਆਂ ਪਹਾੜੀਆਂ, ਤਿੱਖੇ ਮੋੜਾਂ ਤੇ ਇਕਹਿਰੀ ਲੇਨ ਵਾਲੀਆਂ ਹਨ



- ਸੜਕਾਂ ਦੇ ਵੱਖੇ–ਵੱਖਰੇ ਸੈਕਸ਼ਨਜ਼ 'ਤੇ ਰਫ਼ਤਾਰਾਂ ਵੀ ਵੱਖੇ–ਵੱਖਰੀਆਂ ਹਨ। ਰਫ਼ਤਾਰ ਦੀ ਹੱਦ ਦੇ ਚਿੰਨ੍ਹ ਰਫ਼ਤਾਰ ਦੀ ਵੱਧ ਤੋਂ ਵੱਧ ਕਾਨੂੰਨੀ ਹੱਦ ਨੂੰ ਦਰਸਾਉਂਦੇ ਹਨ – ਇਨ੍ਹਾਂ ਤੋਂ ਵੱਧ ਤੇਜ਼ ਨਾ ਚੱਲੋ। ਸੜਕੀ ਸਥਿਤੀਆਂ ਨੂੰ ਧਿਆਨ 'ਚ ਰੱਖਦਿਆਂ ਸੁਰੱਖਿਅਤ ਰਫ਼ਤਾਰਾਂ 'ਤੇ ਵਾਹਨ ਚਲਾਓ ਜੋ ਰਫ਼ਤਾਰ ਦੀ ਹੱਦ ਦੇ ਨਿਸ਼ਾਨ ਤੋਂ ਘੱਟ ਹੋ ਸਕਦੀ ਹੈ।
- ਕਾਨੂੰਨੀ ਤੌਰ 'ਤੇ ਵਾਹਨ 'ਚ ਮੌਜੂਦ ਹਰੇਕ ਨੂੰ ਜ਼ਰੂਰ ਹੀ ਸੀਟ ਬੈਲਟ ਪਹਿਨਣੀ ਹੋਵੇਗੀ ਜਾਂ ਬਾਲ–ਸ਼ਿਕੰਜਾ ਵਰਤਣਾ ਹੋਵੇਗਾ – ਉਹ ਭਾਵੇਂ ਅੱਗੇ ਬੈਠੇ ਹੋਣ ਜਾਂ ਪਿੱਛੇ। ਸੱਤ ਸਾਲ ਦੀ ਉਮਰ ਤੋਂ ਘੱਟ ਦੇ ਬੱਚੇ ਜ਼ਰੂਰ ਹੀ ਪ੍ਰਵਾਨਿਤ ਬਾਲ–ਸ਼ਿਕੰਜੇ ਵਿੱਚ ਹੋਣੇ ਚਾਹੀਦੇ ਹਨ। ਜੇ ਤੁਸੀਂ ਇੱਕ ਸੀਟ ਬੈਲਟ ਨਹੀਂ ਪਹਿਨਦੇ, ਤਾਂ ਤੁਹਾਨੂੰ ਇਸ ਦਾ ਖ਼ਤਰਾ ਹੈ **$150 NZD** ਜੁਰਮਾਨੇ ਦਾ।
- ਵਾਹਨ ਚਲਾਉਂਦੇ ਸਮੇਂ ਆਪਣੇ ਮੋਬਾਇਲ ਫ਼ੋਨ ਦੀ ਵਰਤੋਂ ਗ਼ੈਰ–ਕਾਨੂੰਨੀ ਹੈ। ਜੇ ਤੁਸੀਂ ਇੰਝ ਕਰਦੇ ਹੋ, ਤਾਂ ਤੁਹਾਨੂੰ ਇੰਨਾ ਜੁਰਮਾਨਾ ਹੋ ਸਕਦਾ ਹੈ **$80 NZD**.
- ਆਪਣੀਆਂ ਅੱਖਾਂ ਸੜਕ 'ਤੇ ਰੱਖੋ, ਆਲੇ–ਦੁਆਲੇ ਦੇ ਦ੍ਰਿਸ਼ 'ਤੇ ਨਹੀਂ। ਜੇ ਤੁਸੀਂ ਰੁਕ ਕੇ ਦ੍ਰਿਸ਼ ਵੇਖਣਾ ਚਾਹੁੰਦੇ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਰੁਕਣ ਲਈ ਕਿਸੇ ਸੁਰੱਖਿਅਤ ਸਥਾਨ 'ਤੇ ਆਪਣਾ ਵਾਹਨ ਸੜਕ ਤੋਂ ਪੂਰੀ ਤਰ੍ਹਾਂ ਹਟਾ ਲਿਆ ਹੋਵੇ।
- ਕਾਰਾਂ ਨੂੰ ਪੈਦਲ ਰਾਹਗੀਰਾਂ ਤੇ ਸਾਇਕਲ–ਚਾਲਕਾਂ ਦੇ ਮੁਕਾਬਲੇ ਪਹਿਲ ਨਹੀਂ ਦਿੱਤੀ ਜਾਂਦੀ ਨਿਊ ਜ਼ੀਲੈਂਡ ਵਿੱਚ।
- ਜੇ ਤੁਹਾਡੇ ਕੋਲ ਮੌਜੂਦਾ ਤੇ ਵੈਧ ਓਵਰਸੀਜ਼ ਡਰਾਇਵਰ ਲਾਇਸੈਂਸ ਹੈ, ਤਾਂ ਤੁਸੀਂ ਨਿਊ ਜ਼ੀਲੈਂਡ ਪੁੱਜਣ ਦੀ ਮਿਤੀ ਤੋਂ ਵੱਧ ਤੋਂ ਵੱਧ 12 ਮਹੀਨਿਆਂ ਲਈ ਡ੍ਰਾਈਵ ਕਰ ਸਕਦੇ ਹੋ।

ਭਾਰਤੀ ਯਾਤਰੀਆਂ ਲਈ ਸਿਹਤ ਜਾਣਕਾਰੀ

ਸਿਹਤ ਜਾਣਕਾਰੀ ਤੇ ਸਲਾਹ

ਕ੍ਰਿਪਾ ਕਰ ਕੇ ਚੇਤੇ ਰੱਖੋ ਕਿ ਨਿਊ ਜ਼ੀਲੈਂਡ ਵਿੱਚ ਮੈਡੀਕਲ ਇਲਾਜ ਮੁਫ਼ਤ ਨਹੀਂ ਹੈ।
ਮੁਫ਼ਤ ਜਾਂ ਸਬਸਿਡੀ–ਯੁਕਤ ਦੇਖਭਾਲ ਹਾਸਲ ਕਰਨ ਲਈ ਤੁਹਾਨੂੰ ਨਿਊ ਜ਼ੀਲੈਂਡ ਦਾ ਨਾਗਰਿਕ ਜਾਂ ਇੱਕ ਪਰਮਾਨੈਂਟ ਰੈਜ਼ੀਡੈਂਟ ਬਣਨ ਦੀ ਜ਼ਰੂਰਤ ਹੋਵੇਗੀ।

ਨਿਊ ਜ਼ੀਲੈਂਡ 'ਚ ਯਾਤਰਾ ਕਰਨ ਤੋਂ ਪਹਿਲਾਂ:

- ਇਹ ਯਕੀਨੀ ਬਣਾਓ ਕਿ ਤੁਹਾਡਾ ਮੈਡੀਕਲ ਬੀਮਾ ਹੋਇਆ ਹੋਵੇ, ਜਿਸ ਅਧੀਨ ਇਲਾਜ ਦੇ ਵਿਕਲਪਾਂ ਦੀ ਵਿਆਪਕ ਰੇਂਜ ਕਵਰ ਹੁੰਦੀ ਹੈ, ਖ਼ਾਸ ਤੌਰ 'ਤੇ ਜੇ ਤੁਸੀਂ ਵਡੇਰੀ ਉਮਰ ਦੇ ਹੋ ਜਾਂ ਪਹਿਲਾਂ ਤੋਂ ਤੁਹਾਡੀਆਂ ਕੋਈ ਮੈਡੀਕਲ ਸਥਿਤੀਆਂ ਹਨ।
- ਇਹ ਯਕੀਨੀ ਬਣਾਓ ਕਿ ਤੁਹਾਡੀਆਂ ਮੈਡੀਕਲ ਸਥਿਤੀਆਂ, ਦਵਾਈਆਂ ਤੇ ਐਲਰਜੀਆਂ ਦੀ ਇੱਕ ਸੂਚੀ ਅੰਗਰੇਜ਼ੀ 'ਚ ਬਣੀ ਹੋਵੇ ਤੇ ਤੁਸੀਂ ਇਹ ਸੂਚੀ ਆਪਣੇ ਨਾਲ ਨਿਊ ਜ਼ੀਲੈਂਡ ਲਿਆਓ।
- ਜੇ ਤੁਹਾਡੀ ਕੋਈ ਮੈਡੀਕਲ ਸਥਿਤੀ ਹੈ, ਤਾਂ ਇਹ ਯਕੀਨੀ ਬਣਾਓ ਕਿ ਨਿਊ ਜ਼ੀਲੈਂਡ ਵਿੱਚ ਤੁਹਾਡੇ ਰਹਿਣ ਦੇ ਸਮੇਂ ਦੌਰਾਨ ਲਈ ਤੁਹਾਡੇ ਕੋਲ ਸਬੰਧਤ ਦਵਾਈ ਵਾਜਬ ਮਾਤਰਾ 'ਚ ਹੋਵੇ।

ਨਿਊ ਜ਼ੀਲੈਂਡ 'ਚ, ਜੇ ਤੁਹਾਨੂੰ ਕਿਸੇ ਜਨਤਕ ਹਸਪਤਾਲ ਵਿੱਚ ਕਿਸੇ ਮਾਹਰ ਨੂੰ ਮਿਲਣ ਦੀ ਜ਼ਰੂਰਤ ਹੋਵੇ, ਤਾਂ ਤੁਹਾਡੇ ਕੋਲ ਐਮਰਜੈਂਸੀ ਵਿਭਾਗ ਦੇ ਕਿਸੇ ਡਾਕਟਰ ਜਾਂ ਜਨਰਲ ਪ੍ਰੈਕਟੀਸ਼ਨਰ ਦਾ ਕੋਈ ਰੈਫ਼ਰਲ ਜ਼ਰੂਰ ਹੋਵੇ। ਜੇ ਤੁਸੀਂ ਕਿਸੇ ਪ੍ਰਾਈਵੇਟ ਮਾਹਿਰ ਕੋਲ ਜਾਣਾ ਚਾਹੁੰਦੇ ਹੋ, ਤਾਂ ਤੁਸੀਂ ਖ਼ੁਦ ਉਸ ਤੋਂ ਮੁਲਾਕਾਤ ਦਾ ਸਮਾਂ ਲੈ ਸਕਦੇ ਹੋ।

ਨਿਓ ਜ਼ੀਲੈਂਡ ਵਿੱਚ ਤੁਹਾਡੇ ਸਮੇਂ ਦੌਰਾਨ, ਜੇ ਜੀਵਨ ਨੂੰ ਖ਼ਤਰੇ ਵਾਲੀ ਕੋਈ ਮੈਡੀਕਲ ਸਥਿਤੀ ਆ ਗਈ ਹੈ ਜਾਂ ਕੋਈ ਗੰਭੀਰ ਹਾਦਸਾ ਵਾਪਰ ਗਿਆ ਹੈ/ਜ਼ਖ਼ਮੀ ਹੋ ਗਏ ਹੋ:

- ਐਂਬੂਲੈਂਸ ਸੱਦੋ ਇਸ ਨੰਬਰ 'ਤੇ ਕਾੱਲ ਕਰ ਕੇ **111** ਜਾਂ ਕਿਸੇ ਲਾਗਲੇ ਜਨਤਕ ਹਸਪਤਾਲ ਦੇ ਐਮਰਜੈਂਸੀ ਵਿਭਾਗ 'ਚ ਜਾਓ।
- ਜਦੋਂ ਮੈਡੀਕਲ ਵਿਅਕਤੀ ਵੱਲੋਂ ਤੁਹਾਨੂੰ ਆਪਣਾ ਪਾਸਪੋਰਟ ਵਿਖਾਉਣ ਲਈ ਕਿਹਾ ਜਾਵੇ, ਤਾਂ ਤੁਹਾਨੂੰ ਜ਼ਰੂਰ ਹੀ ਆਪਣਾ ਮੈਡੀਕਲ ਸਰਟੀਫ਼ਿਕੇਟ ਤੇ ਬੀਮਾ ਸਰਟੀਫ਼ਿਕੇਟ ਪੇਸ਼ ਕਰਨਾ ਹੋਵੇਗਾ (ਜੇ ਲੋੜ ਹੋਵੇਗੀ)।
- ਇਹ ਯਕੀਨੀ ਬਣਾਓ ਕਿ ਜਦੋਂ ਤੁਸੀਂ ਹਸਪਤਾਲ ਤੋਂ ਜਾਣ ਲੱਗੋ, ਤਾਂ ਤੁਹਾਡੇ ਕੋਲ ਡਿਸਚਾਰਜ–ਪੱਤਰ ਹੋਵੇ। ਇਸ ਵਿੱਚ ਉਸ ਡਾਇਓਗਨੌਸਿਸ ਤੇ ਇਲਾਜ ਬਾਰੇ ਜਾਣਕਾਰੀ ਦਰਜ ਹੁੰਦੀ ਹੈ, ਜਿਹੜਾ ਤੁਸੀਂ ਨਿਊ ਜ਼ੀਲੈਂਡ ਵਿੱਚ ਹਾਸਲ ਕੀਤਾ ਹੈ; ਇਸ ਦਾ ਲਾਭ ਭਾਰਤ 'ਚ ਤੁਹਾਡੇ ਡਾਕਟਰ ਨੂੰ ਹੋਵੇਗਾ।

ਜੇ ਤੁਹਾਨੂੰ ਘੱਟ ਜ਼ਰੂਰੀ ਮੈਡੀਕਲ ਸਥਿਤੀ ਜਾਂ ਹਾਦਸੇ/ਸੱਟ ਲਈ ਹੈਲਥਕੇਅਰ ਦੀ ਜ਼ਰੂਰਤ ਹੈ, ਤਾਂ ਤੁਸੀਂ ਇਹ ਕਰ ਸਕਦੇ ਹੋ:

- ਇੱਕ ਜਨਰਲ ਪ੍ਰੈਕਟੀਸ਼ਨਰ (GP) ਨੂੰ ਮਿਲੋ। ਸਥਾਨਕ ਜਨਰਲ ਪ੍ਰੈਕਟੀਸ਼ਨਰਜ਼ ਦੀ ਸੂਚੀ ਲਈ, ਇੰਟਰਨੈੱਟ 'ਤੇ ਖੋਜ ਨਾਲ ਤੁਹਾਨੂੰ ਆਪਣੇ ਇਲਾਕੇ ਦੇ GPs, ਉਨ੍ਹਾਂ ਦੇ ਉਪਲਬਧ ਹੋਣ ਦੇ ਸਮੇਂ ਬਾਰੇ ਜਾਣਕਾਰੀ ਮਿਲ ਜਾਵੇਗੀ ਅਤੇ ਇਹ ਵੀ ਪਤਾ ਲੱਗ ਜਾਵੇਗਾ ਕਿ ਬਾਅਦ ਦੇ ਘੰਟਿਆਂ ਦੌਰਾਨ ਅਤੇ ਇੱਕ ਐਮਰਜੈਂਸੀ ਵੇਲੇ ਕੀ ਕਰਨਾ ਹੈ।
- ਸ਼ਹਿਰਾਂ 'ਚ ਤੁਸੀਂ ਕਿਸੇ ਐਕਸੀਡੈਂਟ ਅਤੇ ਮੈਡੀਕਲ ਕਲੀਨਿਕ (ਅਰਜੈਂਟ ਕੇਅਰ ਕਲੀਨਿਕ) 'ਤੇ ਜਾ ਸਕਦੇ ਹੋ, ਜਿੱਥੇ ਮੁਲਾਕਾਤ ਦਾ ਕੋਈ ਸਮਾਂ ਲੈਣ ਦੀ ਜ਼ਰੂਰਤ ਨਹੀਂ ਹੁੰਦੀ (ਇਸ ਵਿੱਚ ਆਮ ਤੌਰ 'ਤੇ ਇੱਕ ਡਾਕਟਰ ਨੂੰ ਮਿਲਣ ਲਈ ਉਡੀਕ ਦਾ ਸਮਾਂ ਸ਼ਾਮਲ ਹੁੰਦਾ ਹੈ)। ਆਪਣੇ ਨੇੜਲੀ ਐਕਸੀਡੈਂਟ ਐਂਡ ਮੈਡੀਕਲ ਕਲੀਨਿਕ ਦਾ ਪਤਾ ਲਾਉਣ ਲਈ ਇੱਥੇ ਜਾਓ:
  www.health.govt.nz/new-zealand-health-system/key-health-sector-organisations-and-people/district-health-boards/district-health-board-websites.
  ਜਿਸ ਖੇਤਰ 'ਚ ਤੁਸੀਂ ਠਹਿਰੇ ਹੋਏ ਹੋ, ਉਸ ਵਿੱਚ ਸਥਿਤ ਜ਼ਿਲ੍ਹਾ ਹੈਲਥ ਬੋਰਡ 'ਤੇ ਕਲਿੱਕ ਕਰੋ।

ਹੈਲਥਲਾਈਨ

ਤੁਸੀਂ ਇਸ ਨੰਬਰ 'ਤੇ ਹੈਲਥਲਾਈਨ ਨੂੰ ਕਾੱਲ ਕਰ ਸਕਦੇ ਹੋ **0800 611 116** ਸਿਖਲਾਈ ਪ੍ਰਾਪਤ ਰਜਿਸਟਰਡ ਨਰਸਾਂ ਤੋਂ ਮੁਫ਼ਤ ਸਲਾਹ ਲੈਣ ਲਈ ਅਤੇ/ਜਾਂ ਇਹ ਪਤਾ ਲਾਉਣ ਲਈ ਕਿ ਤੁਹਾਡੇ ਨੇੜੇ ਐਕਸੀਡੈਂਟ ਐਂਡ ਮੈਡੀਕਲ ਕਲੀਨਿਕ ਕਿੱਥੇ ਹੈ।

ਹੋਰ ਜਾਣਕਾਰੀ

ਨਿਊ ਜ਼ੀਲੈਂਡ ਪਬਲਿਕ ਹੈਲਥ ਅਤੇ ਡਿਸਏਬਿਲਿਟੀ ਸਿਸਟਮ ਬਾਰੇ ਹੋਰ ਜਾਣਕਾਰੀ ਇੱਥੋਂ ਮਿਲ ਸਕਦੀ ਹੈ **www.health.govt.nz**

ਤਦ ਕੀ ਕਰਨਾ ਹੈ ਜੇ ਤੁਸੀਂ ਜ਼ਖ਼ਮੀ ਹੋ ਗਏ ਹੋ ਨਿਊ ਜ਼ੀਲੈਂਡ ਵਿੱਚ

ਜੇ ਤੁਸੀਂ ਨਿਊ ਜ਼ੀਲੈਂਡ 'ਚ ਬੀਮਾਰ ਹੋ ਗਏ ਹੋ, ਤੁਸੀਂ ਭਾਵੇਂ ਵਿਦੇਸ਼ ਤੋਂ ਆਏ ਹੋ, ਤਾਂ ਐਕਸੀਡੈਂਟ ਕੰਪੈਨਸੇਸ਼ਨ ਕਾਰਪੋਰੇਸ਼ਨ (ACC) ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ, ਜਿੱਥੇ ਇਲਾਜ ਤੇ ਮਦਦ ਲਈ ਚਾਰਜਿਸ ਲੱਗਣਗੇ।

ਜੇ ਸੱਟ ਲੱਗਣ ਦੀ ਹਾਲਤ ਵਿੱਚ ਤੁਹਾਡੀ ਮੈਡੀਕਲ ਸਹਾਇਤਾ ਦੀ ਜ਼ਰੂਰਤ ਹੈ, ਤਾਂ ਤੁਸੀਂ ਇਲਾਜ ਲਈ ਕਿਸੇ ਸਥਾਨਕ ਡਾਕਟਰ (GP) ਨੂੰ ਜਾਂ ਇੱਕ ਐਕਸੀਡੈਂਟ ਐਂਡ ਮੈਡੀਕਲ ਕਲੀਨਿਕ ਨੂੰ ਮਿਲ ਸਕਦੇ ਹੋ। ਇੱਕ ਸਿਹਤ ਪ੍ਰੋਫ਼ੈਸ਼ਨਲ ਤੁਹਾਨੂੰ ਇੱਕ ACC ਕਲੇਮ ਬਣਾਉਣ ਵਿੱਚ ਮਦਦ ਕਰ ਸਕਦਾ ਹੈ।

ACC ਅਜਿਹੀਆਂ ਸੱਟਾਂ ਲੱਗਣ ਦਾ ਖ਼ਰਚਾ ਕਵਰ ਕਰਨ ਵਿੱਚ ਮਦਦ ਦੇ ਯੋਗ ਹੋ ਸਕਦਾ ਹੈ, ਜਿਵੇਂ ਕਿ:

- ਕੱਟ ਲੱਗਣ, ਜ਼ਖ਼ਮ ਹੋਣ ਜਾਂ ਸੜੇ ਹੋਣ
- ਪੱਠਿਆਂ ਵਿੱਚ ਮੋਚ ਜਾਂ ਖਿਚਾਅ।
- ਟੁੱਟੀਆਂ ਜਾਂ ਹਿੱਲੀਆਂ ਹੱਡੀਆਂ।
- ਦੰਦਾਂ 'ਤੇ ਲੱਗੀਆਂ ਸੱਟਾਂ।
- ਸੈਕਸੁਅਲ ਹਿੰਸਾ ਕਾਰਨ ਲੱਗੀਆਂ ਮਾਨਸਿਕ ਸੱਟਾਂ

ਹੋਰ ਜਾਣਕਾਰੀ ਲਈ ਇੱਥੇ ਜਾਓ **www.acc.co.nz** ਜਾਂ ਇੱਥੇ ਕਾੱਲ ਕਰੋ
+64 0800 101 996.

ACC ਕੋਲ ਦੁਭਾਸ਼ੀਏ ਹੁੰਦੇ ਹਨ ਜੋ ਉਨ੍ਹਾਂ ਨਾਲ ਤੁਹਾਡੀ ਗੱਲ ਕਰਨ ਵਿੱਚ ਮਦਦ ਕਰ ਸਕਦੇ ਹਨ।

- ਜੇ ਤੁਹਾਨੂੰ ਕੋਈ ਮੈਡੀਕਲ ਐਮਰਜੈਂਸੀ ਹੋਵੇ, ਤਾਂ ਇੱਥੇ ਕਾੱਲ ਕਰੋ **111**, ਜਾਂ ਜਿੰਨੀ ਛੇਤੀ ਸੰਭਵ ਹੋਵੇ ਲਾਗਲੇ ਪਬਲਿਕ ਹਸਪਤਾਲ ਜਾਓ।

ਬੀਮਾਰੀ, ਨਸ਼ਟ ਹੋਈ ਜਾਂ ਚੋਰੀ ਹੋਈ ਸੰਪਤੀ, ਐਮਰਜੈਂਸੀ ਯਾਤਰਾ, ਉੱਘੜ–ਦੁੱਘੜ ਹੋਈਆਂ ਯਾਤਰਾ ਯੋਜਨਾਵਾਂ, ਜਾਂ ਕਰੂਜ਼ ਸ਼ਿਪ ਜਾਂ ਹਵਾਈ ਜਹਾਜ਼ 'ਚ ਹਾਦਸੇ ਵਾਪਰਨ ਵੇਲੇ ਕੋਈ ਮਦਦ ਨਹੀਂ ਕਰ ਸਕਦੇ। ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਹਾਡਾ ਯਾਤਰਾ ਬੀਮਾ ਹੋਇਆ ਹੋਵੇ।

ਪੰਜਾਬੀ (Punjabi)

www.newzealand.com



New Zealand Government

ਸਤੰਬਰ 2019